# ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਪੰਜਾਬ ਆਈ ਸੀ.ਟੀ. ਐਜੂਕੇਸ਼ਨ ਸੁਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ (ਮੋਹਾਲੀ)
ਫੋਨ ਨੰਬਰ- 0172-5212311, ਈ-ਮੇਲ: hoictadm@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ( ਸੈ.ਸਿ)
ਪੰਜਾਬ ।

ਮੀਮੋ ਨੰ: 5/3-ICT-2013-14/Misc/੨੦੧੫੫੮੯੭
ਮਿਤੀ: ੧੧-੧੧-੨੦੧੫

ਵਿਸ਼ਾ:- ਪਿਕਟਸ ਅਧੀਨ ਰੈਗੂਲਰ ਕੀਤੇ ਕੰਪਿਊਟਰ ਫੈਕਲਟੀਆਂ ਦਾ ਪਰਖ ਕਾਲ ਪਾਰ ਕਰਨ ਸਬੰਧੀ ।

1. ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਕੰਪਿਊਟਰ ਫੈਕਲਟੀਆਂ ਦੀਆਂ ਸੇਵਾਵਾਂ ਪਿਕਟਸ ਅਧੀਨ ਸਮੇਂ ਸਮੇਂ ਤੇ ਜਾਰੀ ਕੀਤੇ ਹੁਕਮਾਂ ਅਨੁਸਾਰ ਰੈਗੂਲਰ ਕੀਤੀਆਂ ਗਈਆਂ ਸਨ, ਉਨ੍ਹਾਂ ਵਿੱਚੋਂ ਜੇਕਰ ਕਿਸੇ ਕੰਪਿਊਟਰ ਫੈਕਲਟੀ ਦੇ ਵਿਰੁੱਧ ਰੈਗੂਲਰ ਕਰਨ ਦੇ ਜਾਰੀ ਹੁਕਮਾਂ ਤੋਂ 2 ਸਾਲ ਦੇ ਸਮੇਂ ਦੌਰਾਨ ਕੋਈ ਇਨਕੁਆਰੀ/ਮੁਅੱਤਲੀ/ਅਨੁਸ਼ਾਸਨਹੀਨਤਾ ਆਦਿ ਕਾਰਣ ਕੋਈ ਵਿਭਾਗੀ ਜਾਂਚ/ਕਾਰਵਾਈ ਪੈਂਡਿੰਗ ਹੈ ਉਸਦਾ ਵੇਰਵਾ ਇੱਕ ਹਫਤੇ ਦੇ ਅੰਦਰ ਇਸ ਦਫਤਰ ਨੂੰ ਭੇਜਿਆ ਜਾਵੇ।
2. ਜਿਨ੍ਹਾਂ ਕੰਪਿਊਟਰ ਫੈਕਲਟੀਆਂ ਵਿਰੁੱਧ ਉਹਨਾਂ ਦੇ ਰੈਗੂਲਰ ਕਰਨ ਦੀ ਮਿਤੀ ਤੋਂ 2 ਸਾਲ ਦੇ ਸਮੇਂ ਦੌਰਾਨ ਕਿਸੇ ਕਿਸਮ ਦੀ ਕੋਈ ਕਾਰਵਾਈ /ਇਨਕੁਆਰੀ ਆਦਿ ਨਹੀਂ ਆਰੰਭੀ ਗਈ ਭਾਵ ਉਨ੍ਹਾਂ ਦਾ ਇਹ 2 ਸਾਲ ਦਾ ਸਮਾਂ ਨੁਕਤਾਚਿਨੀ-ਰਹਿਤ ਰਿਹਾ ਹੈ, ਦਾ ਪਰਖ ਕਾਲ ਦਾ ਸਮਾਂ ਸਫਲਤਾਪੂਰਵਕ ਪਾਰ ਸਮਝਿਆ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ.- ਉਕਤ ਮਿਤੀ:- ੧੧-੧੧-੨੦੧੫

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿੱਤ ਭੇਜੀਆ ਜਾਂਦਾ ਹੈ:-

(i) ਮੁੱਖ ਲੇਖਾ ਅਫਸਰ (ਆਈ.ਸੀ.ਟੀ.) ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ